| Surname | | Other Names | |
|---|---|---|---|
| Centre Number | | Candidate Number | |
| Candidate Signature | | | |

Leave blank

General Certificate of Secondary Education
June 2005

**PANJABI** **3681/LH**
**Listening Test**
**Higher Tier**

# H

Wednesday 25 May 2005 1.30 pm to 2.15 pm approximately
(including reading time)

**No additional materials are required.**

Time allowed: 40 minutes approximately
+ 5 minutes reading time before the test

**Instructions to candidates**
- Use blue or black ink or ball-point pen.
- Fill in the boxes at the top of this page.
- Before the tape is started, you will be allowed five minutes during which you may read through the questions. You may make notes in this time.
- **Do not open this book until you are told to do so.**

- This is what you should do for each item.
- Read the instructions and questions.
- Listen carefully to the recording and read the questions again.
- Listen to the recording again, and then answer the questions.
- Your teacher will pause the tape when you hear the tone, after the second hearing of each item, to give you time to write. You may write at any time during the test.
- In **Section A** answer the questions in **Panjabi.**
- In **Section B** answer the questions in **English.**
- Write neatly and put down **all** the information you are asked to give.
- Ask any questions now. **There must be no questions or interruptions during the test.**

**Information for candidates**
- The maximum mark for this paper is 40.
- Mark allocations are shown in brackets.
- You must **not** use a dictionary at any time during this test.

| For Examiner's Use | | | |
|---|---|---|---|
| Page | Mark | Page | Mark |
| 2 / 3 | | | |
| 4 / 5 | | | |
| 6 / 7 | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| Total (Column 1) → | | | |
| Total (Column 2) → | | | |
| TOTAL | | | |
| Examiner's Initials | | | |

LEAVE MARGIN BLANK

## ਸੈਕਸ਼ਨ ਏ

### ਪ੍ਰਸ਼ਨ ਅਤੇ ਉੱਤਰ ਪੰਜਾਬੀ ਵਿੱਚ

**1** ਤੁਸੀਂ ਏਅਰਪੋਰਟ ਤੇ ਇੱਕ ਸੂਚਨਾ ਸੁਣਦੇ ਹੋ ।

(ੳ) ਹਰ ਯਾਤਰੀ ਕਿੰਨਾ ਭਾਰ ਲਿਜਾ ਸਕਦਾ ਹੈ ?

........................................................................................................................................

*(1 mark)*

(ਅ) ਪੈਸੇ ਕਿਵੇਂ ਲਏ ਜਾਣਗੇ ?

| | |
|---|---|
| **1** | ਉਧਾਰ |
| **2** | ਚੈਕ ਰਾਹੀਂ |
| **3** | ਕੈਸ਼ |

ਠੀਕ ਉੱਤਰ ਦਾ ਨੰਬਰ ਖਾਨੇ ਵਿੱਚ ਲਿਖੋ: ☐

*(1 mark)*

**2** ਤੁਸੀਂ ਰੇਡੀਉ ਤੇ ਇਹ ਐਲਾਨ ਸੁਣਦੇ ਹੋ ।

(ੳ) ਨੁਮਾਇਸ਼ ਵਿੱਚ ਕਿਨ੍ਹਾਂ ਕਲਾਕਾਰਾਂ ਦੀਆਂ ਬਣਾਈਆਂ ਤਸਵੀਰਾਂ ਹੋਣਗੀਆਂ ?

........................................................................................................................................

*(1 mark)*

(ਅ) ਨੁਮਾਇਸ਼ ਕਦੋਂ ਅਤੇ ਕਿੰਨੀ ਦੇਰ ਲਈ ਲੱਗੇਗੀ ?

........................................................................................................................................

........................................................................................................................................

*(2 marks)*

(ੲ) ਤੁਸੀਂ ਤਸਵੀਰਾਂ ਕਦੋਂ ਖਰੀਦ ਸਕਦੇ ਹੋ ਅਤੇ ਕਿੰਨੀ ਛੋਟ ਮਿਲੇਗੀ ?

........................................................................................................................................

........................................................................................................................................

*(2 marks)*

LEAVE MARGIN BLANK

**3** ਤੁਸੀਂ ਕੋਚ ਸਟੇਸ਼ਨ ਤੇ ਇਹ ਸੂਚਨਾ ਸੁਣਦੇ ਹੋ ।

(ੳ) ਕੋਚ ਵਿੱਚੋਂ ਉੱਤਰ ਜਾਣ ਨੂੰ ਕਿਉਂ ਕਿਹਾ ਗਿਆ ਹੈ ?

..........................................................................................................................

*(1 mark)*

(ਅ) ਦੂਜੀ ਕੋਚ ਕਦੋਂ ਆਵੇਗੀ ?

..........................................................................................................................

*(1 mark)*

(ੲ) ਕਿਰਾਇਆ ਵਾਪਸ ਕੌਣ ਲੈ ਸਕਦੇ ਹਨ ?

..........................................................................................................................

*(1 mark)*

**4** ਤੁਸੀਂ ਖੇਡਾਂ ਬਾਰੇ ਇੱਕ ਸੂਚਨਾ ਸੁਣਦੇ ਹੋ ।

(ੳ) ਖੇਡਾਂ ਕਦੋਂ ਹੋ ਰਹੀਆਂ ਹਨ ?

..........................................................................................................................

*(1 mark)*

(ਅ) ਖਾਣੇ ਬਾਰੇ ਕੀ ਦੱਸਿਆ ਗਿਆ ਹੈ ?

..........................................................................................................................

*(1 mark)*

(ੲ) ਟੂਰਨਾਮੈਂਟ ਦੇਖਣ ਲਈ ਟਿਕਟ ਕਿੰਨੇ ਦੀ ਹੈ ?

..........................................................................................................................

*(1 mark)*

(ਸ) ਸ਼ਰਾਬ ਪੀ ਕੇ ਕਿਉਂ ਨਹੀਂ ਆ ਸਕਦੇ ?

..........................................................................................................................

*(1 mark)*

**TURN OVER FOR THE NEXT QUESTION**

14

**Turn over ▶**

LEAVE MARGIN BLANK

5 ਤੁਸੀਂ ਚਾਰ ਦੋਸਤਾਂ ਦੇ ਭਾਰਤੀ ਫਿਲਮਾਂ ਦੇਖਣ ਬਾਰੇ ਵਿਚਾਰ ਸੁਣਦੇ ਹੋ ।

ਪਹਿਲਾ ਭਾਗ : ਅਜੀਤ ਫਿਲਮਾਂ ਦੇਖਣ ਦੇ ਹੱਕ ਵਿੱਚ ਕਿਉਂ ਨਹੀਂ ਹੈ ? ਦੋ ਗੱਲਾਂ ਲਿਖੋ ।

..........................................................................

..........................................................................

*(2 marks)*

ਦੂਜਾ ਭਾਗ : ਸਰੀਤਾ ਫਿਲਮਾਂ ਕਿਉਂ ਦੇਖਦੀ ਹੈ ? ਦੋ ਗੱਲਾਂ ਲਿਖੋ ।

..........................................................................

..........................................................................

*(2 marks)*

ਤੀਜਾ ਭਾਗ : ਜਸਪਾਲ ਨੂੰ ਫਿਲਮਾਂ ਦੇਖਣ ਵਿੱਚ ਦਿਲਚਸਪੀ ਕਿਉਂ ਨਹੀਂ ਹੈ ? ਦੋ ਗੱਲਾਂ ਲਿਖੋ ।

..........................................................................

..........................................................................

*(2 marks)*

ਚੌਥਾ ਭਾਗ : ਰੀਟਾ ਦੇ ਫਿਲਮਾਂ ਦੇਖਣ ਬਾਰੇ ਵਿਚਾਰ ਬਾਕੀਆਂ ਨਾਲੋਂ ਕਿਸ ਤਰ੍ਹਾਂ ਵੱਖਰੇ ਹਨ ? ਦੋ ਗੱਲਾਂ ਲਿਖੋ ।

..........................................................................

..........................................................................

*(2 marks)*

6 ਤੁਸੀਂ ਰਮਨ ਅਤੇ ਜਸਪਾਲ ਵਿਚਕਾਰ ਗੱਲਬਾਤ ਦਾ ਇੱਕ ਹਿੱਸਾ ਸੁਣਦੇ ਹੋ ।

(ੳ) ਰਮਨ ਛੁੱਟੀ ਵਾਲੇ ਦਿਨ ਕਿੱਥੇ ਜਾਵੇਗੀ ?

..........................................................................

*(1 mark)*

(ਅ) ਕਿਉਂ ?

..........................................................................

*(1 mark)*

LEAVE MARGIN BLANK

**7** ਰੇਡੀਓ ਤੇ ਤੁਸੀਂ ਵਾਰਤਾ ਦਾ ਇੱਕ ਹਿੱਸਾ ਸੁਣਦੇ ਹੋ ।

(ੳ) ਵਾਤਾਵਰਣ ਵਿੱਚ ਤਬਦੀਲੀ ਦੇ ਕੀ ਕਾਰਨ ਹਨ? ਦੋ ਗੱਲਾਂ ਲਿਖੋ ।

..........................................................................................................................................

..........................................................................................................................................

*(2 marks)*

(ਅ) ਮੌਸਮ ਵਿੱਚ ਕੀ ਫਰਕ ਪਿਆ ਹੈ ?

..........................................................................................................................................

*(1 mark)*

(ੲ) ਇਸ ਸਮੱਸਿਆ ਨੂੰ ਦੂਰ ਕਰਨ ਲਈ ਕੀ ਕਰਨਾ ਚਾਹੀਦਾ ਹੈ ? ਆਪਣੇ ਵਿਚਾਰ ਲਿਖੋ ।

..........................................................................................................................................

*(1 mark)*

**8** ਤੁਸੀਂ ਦਲਜੀਤ ਦੇ ਰਸਾਲੇ ਬਾਰੇ ਵਿਚਾਰ ਸੁਣਦੇ ਹੋ ।

(ੳ) ਦਲਜੀਤ ਨੂੰ ਇਹ ਰਸਾਲਾ ਕਿਉਂ ਪਸੰਦ ਹੈ ? ਦੋ ਗੱਲਾਂ ਲਿਖੋ ।

..........................................................................................................................................

..........................................................................................................................................

*(2 marks)*

(ਅ) ਲੋਕ ਇਹ ਰਸਾਲਾ ਕਿਉਂ ਪੜ੍ਹਨਗੇ ? ਦੋ ਗੱਲਾਂ ਲਿਖੋ ।

..........................................................................................................................................

..........................................................................................................................................

*(2 marks)*

**TURN OVER FOR SECTION B**

*18*

LEAVE MARGIN BLANK

## SECTION B

Questions and answers in **English.**

**9** You are listening to the conversation between Jeevan and his mother about going to the cinema.

(a) What advice does Jeevan's mother give to him?

..........................................................................................................................................

*(1 mark)*

(b) What is your opinion of Jeevan's mother? Give **two** details.

1 ......................................................................................................................................

2 ......................................................................................................................................

*(2 marks)*

(c) How would you describe Jeevan's personality?

..........................................................................................................................................

*(1 mark)*

**10** You are listening to a conversation between two friends.

(a) How does Surinder feel about his son?

..........................................................................................................................................

*(1 mark)*

(b) Why does Surinder feel like this? Give **two** details.

1 ......................................................................................................................................

2 ......................................................................................................................................

*(2 marks)*

(c) In your opinion, what type of boy is Ranjit?

..........................................................................................................................................

*(1 mark)*

**END OF TEST**

*8*

# FOR INVIGILATOR'S USE ONLY

General Certificate of Secondary Education
June 2005

**PANJABI** **3681/LH/T**
**Listening Test Transcript**
**Higher Tier**

**FOR INVIGILATOR'S USE ONLY**

Wednesday 25 May 2005 1.30 pm to 2.15 pm approximately (including reading time)

Time allowed: 40 minutes approximately
+ 5 minutes reading time before the test

- This is what you should do for each item.
- Read the instructions and questions.
- Listen carefully to the recording and read the questions again.
- Listen to the recording again, and then answer the questions.
- Your teacher will pause the tape when you hear the tone, after the second hearing of each item, to give you time to write. You may write at any time during the test.
- In **Section A** answer the questions in **Panjabi.**
- In **Section B** answer the questions in **English.**
- Write neatly and put down **all** the information you are asked to give.
- Ask any questions now. **There must be no questions or interruptions during the test.**
- **The test starts now.**

## ਸੈਕਸ਼ਨ ਏ: ਪ੍ਰਸ਼ਨ ਅਤੇ ਉੱਤਰ ਪੰਜਾਬੀ ਵਿੱਚ

1 ਹਰ ਯਾਤਰੀ ਸਿਰਫ ਵੀਹ ਕਿੱਲੋ ਸਾਮਾਨ ਨਾਲ ਲਿਜਾ ਸਕਦਾ ਹੈ । ਜੇ ਤੁਹਾਡੇ ਸਾਮਾਨ ਦਾ ਭਾਰ ਜ਼ਿਆਦਾ ਹੋ ਗਿਆ ਤਾਂ ਵਾਧੂ ਪੈਸੇ ਦੇਣੇ ਪੈਣਗੇ ਅਤੇ ਪੈਸੇ ਕੈਸ਼ ਲਏ ਜਾਣਗੇ ।

2 ਲੀਡਜ਼ ਆਰਟ ਗੈਲਰੀ ਵਿੱਚ ਅਗਲੇ ਹਫਤੇ ਭਾਰਤੀ ਕਲਾਕਾਰਾਂ ਦੀਆਂ ਬਣਾਈਆਂ ਹੋਈਆਂ ਤਸਵੀਰਾਂ ਦੀ ਨੁਮਾਇਸ਼ ਲੱਗੇਗੀ। ਇਹ ਪੂਰਾ ਇੱਕ ਮਹੀਨਾ ਰਹੇਗੀ ਅਤੇ ਅਖੀਰ ਵਿੱਚ ਕੁਝ ਤਸਵੀਰਾਂ ਖਰੀਦਣ ਤੇ ਦਸ ਪ੍ਰਤੀਸ਼ਤ ਛੋਟ ਦਿੱਤੀ ਜਾਵੇਗੀ ।

3 ਮੁਸਾਫਰਾਂ ਨੂੰ ਬੇਨਤੀ ਹੈ ਕਿ ਇਸ ਕੋਚ ਵਿੱਚੋਂ ਉੱਤਰ ਜਾਣ ਕਿਉਂਕਿ ਇਸ ਵਿੱਚ ਕੋਈ ਖਰਾਬੀ ਪੈਦਾ ਹੋ ਗਈ ਹੈ । ਅਸੀਂ ਦੂਜੀ ਕੋਚ ਦਾ ਪ੍ਰਬੰਧ ਕੀਤਾ ਹੈ ਜਿਸ ਲਈ ਅੱਧਾ ਘੰਟਾ ਉਡੀਕ ਕਰਨੀ ਪਵੇਗੀ । ਜੇ ਕੋਈ ਮੁਸਾਫਰ ਟੈਕਸੀ ਵਿੱਚ ਜਾਣਾ ਚਾਹੁੰਦਾ ਹੈ ਤਾਂ ਉਹ ਡਰਾਈਵਰ ਤੋਂ ਆਪਣਾ ਕਿਰਾਇਆ ਵਾਪਸ ਲੈ ਸਕਦਾ ਹੈ ।

4 ਲੈਸਟਰ ਵਿੱਚ ਖਾਲਸਾ ਸਕੂਲ ਦੇ ਖੇਡਾਂ ਦੇ ਮੈਦਾਨਾਂ ਵਿੱਚ ਐਤਵਾਰ ਛੇ ਜੂਨ ਨੂੰ ਹਾਕੀ, ਫੁੱਟਬਾਲ, ਵਾਲੀਬਾਲ ਅਤੇ ਕਬੱਡੀ ਦਾ ਟੂਰਨਾਮੈਂਟ ਹੋ ਰਿਹਾ ਹੈ । ਇਹ ਟੂਰਨਾਮੈਂਟ ਤੁਸੀਂ ਮੁਫਤ ਦੇਖ ਸਕਦੇ ਹੋ । ਗੁਰਦਵਾਰੇ ਵੱਲੋਂ ਲੰਗਰ ਦਾ ਪ੍ਰਬੰਧ ਵੀ ਹੋਵੇਗਾ। ਟੂਰਨਾਮੈਂਟ ਵਿੱਚ ਸ਼ਰਾਬ ਪੀ ਕੇ ਆਉਣ ਦੀ ਆਗਿਆ ਨਹੀਂ ਹੈ ।

5 ਪਹਿਲਾ ਭਾਗ: ਮੇਰਾ ਨਾਂ ਅਜੀਤ ਹੈ । ਮੈਨੂੰ ਹਿੰਦੀ ਜਾਂ ਪੰਜਾਬੀ ਫਿਲਮਾਂ ਬਿਲਕੁਲ ਚੰਗੀਆਂ ਨਹੀਂ ਲਗਦੀਆਂ ਕਿਉਂਕਿ ਇਹ ਬਹੁਤ ਲੰਬੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਵਿਹਲੇ ਵਿਅਕਤੀ ਹੀ ਦੇਖ ਸਕਦੇ ਹਨ । ਜੇ ਤੁਹਾਡੇ ਕੋਲ ਵਿਹਲਾ ਸਮਾਂ ਹੋਵੇ ਤਾਂ ਠੀਕ ਹੈ ਪਰ ਮੈਨੂੰ ਤਾਂ ਪੜ੍ਹਾਈ ਵਿੱਚੋਂ ਹੀ ਸਮਾਂ ਨਹੀਂ ਮਿਲਦਾ ।

ਦੂਜਾ ਭਾਗ: ਮੈਂ ਸਰੀਤਾ ਹਾਂ । ਨਾ ਤਾਂ ਮੈਂ ਅੱਗੇ ਪੜ੍ਹਾਈ ਕਰਨਾ ਚਾਹੁੰਦੀ ਹਾਂ ਅਤੇ ਨਾ ਹੀ ਨੌਕਰੀ ਕਰਨਾ ਚਾਹੁੰਦੀ ਹਾਂ । ਇਸ ਲਈ ਮੈਂ ਨਾ ਚਾਹੁੰਦੇ ਹੋਏ ਵੀ ਫਿਲਮਾਂ ਦੇਖਣ ਬਹਿ ਜਾਂਦੀ ਹਾਂ । ਜੇ ਇਹ ਫਿਲਮਾਂ ਨਾ ਹੁੰਦੀਆਂ ਤਾਂ ਪਤਾ ਨਹੀਂ ਮੇਰਾ ਟਾਈਮ ਕਿਵੇਂ ਲੰਘਦਾ ।

ਤੀਜਾ ਭਾਗ: ਮੇਰਾ ਨਾਂ ਜਸਪਾਲ ਹੈ । ਮੈਨੂੰ ਭਾਰਤੀ ਫਿਲਮਾਂ ਅਤੇ ਡਰਾਮਿਆਂ ਵਿੱਚ ਕੋਈ ਦਿਲਚਸਪੀ ਨਹੀਂ ਹੈ ਕਿਉਂਕਿ ਇਹ ਦੂਸਰਿਆਂ ਦੀ ਨਕਲ ਕਰਕੇ ਬਣਾਏ ਹੁੰਦੇ ਹਨ । ਫਿਲਮ ਸ਼ੁਰੂ ਹੋਣ ਦੇ ਥੋੜ੍ਹੀ ਦੇਰ ਬਾਅਦ ਹੀ ਪਤਾ ਲੱਗ ਜਾਂਦਾ ਹੈ ਕਿ ਅੱਗੋਂ ਕੀ ਹੋਵੇਗਾ ।

ਚੌਥਾ ਭਾਗ: ਮੈਂ ਰੀਟਾ ਹਾਂ । ਮੈਂ ਪੰਜਾਬੀ ਫਿਲਮਾਂ ਤੇ ਡਰਾਮੇ ਇਸ ਕਰਕੇ ਦੇਖਦੀ ਹਾਂ ਕਿ ਮੈਂ ਪੰਜਾਬੀ ਬੋਲਣੀ ਸਿੱਖ ਸਕਾਂ । ਇਹਨਾਂ ਤੋਂ ਮੈਨੂੰ ਆਪਣੇ ਸਭਿਆਚਾਰ ਅਤੇ ਨਾਚ ਗਾਣਿਆਂ ਬਾਰੇ ਵੀ ਪਤਾ ਲਗਦਾ ਹੈ । ਇਸ ਕਰਕੇ ਮੈਂ ਆਪਣੀ ਪੜ੍ਹਾਈ ਵਿੱਚੋਂ ਥੋੜ੍ਹਾ ਸਮਾਂ ਕੱਢ ਕੇ ਇਹ ਜ਼ਰੂਰ ਦੇਖਦੀ ਹਾਂ ।

6 ਜਸਪਾਲ: ਰਮਨ ਕਲ੍ਹ ਨੂੰ ਤੈਨੂੰ ਛੁੱਟੀ ਹੈ, ਤੂੰ ਕੀ ਕਰਨਾ ਹੈ ?

ਰਮਨ : ਮੈਂ ਆਪਣੀਆਂ ਅੱਖਾਂ ਦਾ ਟੈਸਟ ਕਰਾਉਣ ਜਾਣਾ ਹੈ ਕਿਉਂਕਿ ਮੇਰੇ ਸਿਰ ਵਿੱਚ ਦਰਦ ਰਹਿੰਦਾ ਹੈ ।

7 ਅੱਜ ਕੱਲ੍ਹ ਸੰਸਾਰ ਵਿੱਚ ਵਾਤਾਵਰਣ ਨੂੰ ਸਾਫ ਰੱਖਣ ਦੇ ਵਿਸ਼ੇ ਬਾਰੇ ਸਾਰਿਆਂ ਨੂੰ ਬੜਾ ਫਿਕਰ ਹੈ । ਫੈਕਟਰੀਆਂ, ਕਾਰਾਂ ਅਤੇ ਹੋਰ ਮੋਟਰ ਗੱਡੀਆਂ ਦਾ ਧੂੰਆਂ ਵਾਤਾਵਰਣ ਨੂੰ ਬਹੁਤ ਖਰਾਬ ਕਰ ਰਿਹਾ ਹੈ । ਇਸ ਕਾਰਨ ਦੁਨੀਆਂ ਭਰ ਦੇ ਮੌਸਮ ਵਿੱਚ ਕਾਫੀ ਤਬਦੀਲੀ ਆਈ ਹੈ । ਇੰਗਲੈਂਡ ਵਿੱਚ ਜਿੱਥੇ ਬਰਫ ਤੇ ਧੁੰਦ ਪਈ ਰਹਿੰਦੀ ਸੀ, ਹੁਣ ਮੌਸਮ ਕਾਫੀ ਗਰਮ ਰਹਿੰਦਾ ਹੈ । ਇਸ ਸਮੱਸਿਆ ਬਾਰੇ ਦੇਸ਼ਾਂ ਦੀਆਂ ਸਰਕਾਰਾਂ ਬਹੁਤ ਫਿਕਰਮੰਦ ਹਨ ਪਰ ਸਾਨੂੰ ਸਾਰਿਆਂ ਨੂੰ ਇਸ ਦਾ ਹਲ ਲੱਭਣ ਬਾਰੇ ਸੋਚਣਾ ਚਾਹੀਦਾ ਹੈ ।

8 ਮੈਨੂੰ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ 'ਪੰਜਾਬੀ ਲਾਈਫਸਟਾਈਲ' ਨਾਂ ਦੇ ਰਸਾਲੇ ਦੀ ਬੜੀ ਬੇਸਬਰੀ ਨਾਲ ਉਡੀਕ ਰਹਿੰਦੀ ਹੈ । ਇਸ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਦੇਸ਼ ਵਿਦੇਸ਼ ਦੀਆਂ ਖਬਰਾਂ ਤੋਂ ਇਲਾਵਾ ਇਸ ਵਿੱਚ ਹਰ ਉਮਰ ਦੇ ਲੋਕਾਂ ਦੀਆਂ ਦਿਲਚਸਪੀਆਂ ਦਾ ਵੀ ਖਿਆਲ ਰੱਖਿਆ ਜਾਂਦਾ ਹੈ । ਇਸ ਵਿੱਚ ਖੇਡਾਂ, ਫੈਸ਼ਨ, ਪੰਜਾਬੀ ਗੀਤ ਸੰਗੀਤ ਅਤੇ ਫਿਲਮਾਂ ਬਾਰੇ ਵੀ ਲੇਖ ਹੁੰਦੇ ਹਨ । ਇਹ ਰਸਾਲਾ ਪੰਜਾਬੀ ਅਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਵਿੱਚ ਛਪਦਾ ਹੈ, ਇਸ ਲਈ ਜੋ ਲੋਕ ਪੰਜਾਬੀ ਨਹੀਂ ਪੜ੍ਹ ਸਕਦੇ, ਉਹ ਵੀ ਇਸਦਾ ਆਨੰਦ ਮਾਣਦੇ ਹਨ ।

**Section B: Questions and answers in English**

**9** ਜੀਵਨ: ਮੰਮੀ ਜੀ, ਕੀ ਮੈਂ ਫਿਲਮ ਦੇਖਣ ਜਾ ਸਕਦਾ ਹਾਂ ?
ਮੰਮੀ: ਤੂੰ ਕਿਹਦੇ ਨਾਲ ਜਾਵੇਂਗਾ ?

ਜੀਵਨ: ਮੈਂ ਆਪਣੇ ਦੋਸਤਾਂ ਨਾਲ ਜਾ ਰਿਹਾ ਹਾਂ ।

ਮੰਮੀ: ਹਾਂ, ਤੂੰ ਜ਼ਰੂਰ ਜਾ ਸਕਦਾ ਹੈਂ ਪਰ ਇਸ ਗੱਲ ਦਾ ਧਿਆਨ ਰੱਖੀਂ ਕਿ ਫਿਲਮ ਖਤਮ ਹੋਣ ਤੋਂ ਮਗਰੋਂ ਸਿੱਧਾ ਘਰ ਆ ਜਾਵੀਂ । ਅੱਛਾ ਇਹ ਦੱਸ ਕਿ ਫਿਲਮ ਕਿੰਨੇ ਵਜੇ ਖਤਮ ਹੋਵੇਗੀ ?

ਜੀਵਨ: ਇਹੀ ਕੋਈ ਦਸ ਕੁ ਵਜੇ ਤੱਕ ।

ਮੰਮੀ: ਇਸ ਦਾ ਮਤਲਬ ਹੈ ਕਿ ਤੂੰ ਸਾਢੇ ਦਸ ਕੁ ਵਜੇ ਤੱਕ ਘਰ ਵਾਪਸ ਪਹੁੰਚ ਜਾਵੇਂਗਾ । ਕਾਰ ਹੌਲੀ ਚਲਾਉਣੀ ਅਤੇ ਆਪਣਾ ਮੋਬਾਇਲ ਕੋਲ ਰੱਖਣਾ ।

ਜੀਵਨ: ਤੁਸੀਂ ਐਵੇਂ ਫਿਕਰ ਕਰਦੇ ਹੋ, ਮੈਂ ਹੁਣ ਬੱਚਾ ਨਹੀਂ ਮੈਂ ਆਪਣਾ ਖਿਆਲ ਆਪ ਰੱਖ ਸਕਦਾ ਹਾਂ ।

ਮੰਮੀ: ਹਾਂ ਬੇਟੇ, ਮੈਨੂੰ ਪਤਾ ਹੈ ਪਰ ਮੈਂ ਮਾਂ ਹਾਂ ਇਸ ਕਰਕੇ ਆਪਣੀ ਆਦਤ ਤੋਂ ਮਜਬੂਰ ਹਾਂ । ਅੱਜ ਕੱਲ੍ਹ ਜ਼ਮਾਨਾ ਬੜਾ ਖਰਾਬ ਹੈ ।

**10** ਗੁਰਜੀਤ: ਸੁਰਿੰਦਰ ਕੀ ਗੱਲ ਹੈ, ਤੁਸੀਂ ਬੜੇ ਪਰੇਸ਼ਾਨ ਲੱਗ ਰਹੇ ਹੋ ?

ਸੁਰਿੰਦਰ: ਕੁਝ ਨਾ ਪੁੱਛੋ, ਮੈਨੂੰ ਆਪਣੇ ਵੱਡੇ ਪੁੱਤਰ ਰਣਜੀਤ ਦਾ ਬਹੁਤ ਫਿਕਰ ਹੈ ।

ਗੁਰਜੀਤ: ਕਿਉਂ ? ਦੱਸੋ ਤਾਂ ਸਹੀ ।

ਸੁਰਿੰਦਰ: ਉਸ ਦਾ ਪੜ੍ਹਾਈ ਵਿੱਚ ਦਿਲਚਸਪੀ ਨਾ ਲੈਣਾ, ਰਾਤਾਂ ਨੂੰ ਦੇਰ ਨਾਲ ਘਰ ਆਉਣਾ, ਬੁਰੀ ਸੰਗਤ ਵਿੱਚ ਰਹਿਣਾ । ਮੈਨੂੰ ਫਿਕਰ ਨਾ ਹੋਵੇ ਤਾਂ ਹੋਰ ਕਿਸ ਨੂੰ ਹੋਵੇਗਾ ।

ਗੁਰਜੀਤ: ਕੀ ਉਸ ਵਿੱਚ ਇਹ ਤਬਦੀਲੀ ਹੁਣੇ ਹੁਣੇ ਹੀ ਆਈ ਹੈ ?

ਸੁਰਿੰਦਰ: ਜੀ ਨਹੀਂ, ਉਹ ਪਿਛਲੇ ਸਾਲ ਤੋਂ ਹੀ ਐਸੀਆਂ ਹਰਕਤਾਂ ਕਰਨ ਲੱਗਾ ਹੈ ; ਬੱਸ ਜਦੋਂ ਤੋਂ ਜੀ.ਸੀ.ਐੱਸ.ਈ ਕਰਕੇ ਉਸਨੇ ਕਾਲਜ ਵਿੱਚ 'ਏ' ਲੈਵਲ ਦੀ ਪੜ੍ਹਾਈ ਸ਼ੁਰੂ ਕੀਤੀ ਹੈ । ਮੈਂ ਬਥੇਰਾ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਉਹ ਕਿਸੇ ਦੀ ਸੁਣਦਾ ਹੀ ਨਹੀਂ । ਮੈਨੂੰ ਤਾਂ ਪਤਾ ਨਹੀਂ ਲਗਦਾ ਕਿ ਹੁਣ ਮੈਂ ਕੀ ਕਰਾਂ ।

**END OF TEST**

**BLANK PAGE**

Copyright © 2005 AQA and its licensors. All rights reserved.